# ਨਰਨਰਹ ਨਮਸਕਾਰੰ

## ਰਾਗੁ ਰਾਮਕਲੀ ਮਹਲਾ ੫ ।।

## ਪੜਤਾਲ ਘਰੁ ੩

## ੧ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ, ਸ੍ਰੀ ਗੁਰੂ ਅਰਜਨ ਸਾਹਿਬ ਦਾ ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਜੋ ਪੰਨਾ ੯੦੧ ਤੇ ਸੁਭਾਇਮਾਨ ਹੈ। ਇਸ ਸ਼ਬਦ ਦੇ ਗਾਇਨ ਕਰਣ ਦੀ ਸ਼ੈਲੀ 'ਪੜਤਾਲ' ਹੈ। ਸ਼ਬਦ ਅਰੰਭ ਕਰਣ ਤੋਂ ਪਹਿਲਾਂ, ਮੰਗਲਾਚਰਣ ਦਾ ਸੰਖਿਪਤ ਸਰੂਪ ਅੰਕਤ ਹੈ। ਮੰਗਲਾਚਰਣ ਦਾ ਸਮੁਚਾ ਸਰੂਪ, ਮੂਲ ਮੰਤਰ ਵੀ ਕਹਾਉਂਦਾ ਹੈ, ਜੋ ਸ੍ਰੀ ਗੁਰੂ ਨਾਨਕ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ।

**ਨਰਨਰਹ ਨਮਸਕਾਰੰ।।**

**ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ।।੧।।ਰਹਾਉ।।**

-- 'ਨਰ' ਸ਼ਬਦ ਦੇ ਵੈਸੇ ਤਾਂ ਕਈ ਅਰਥ ਹਨ। **ਨਰ** ਪੁਲਿੰਗ ਲਈ ਵੀ ਵਰਤਿਆ ਜਾਂਦਾ ਹੈ। ਜੇ ਪਰਮਾਤਮਾ ਲਈ, ਸ੍ਰੀ ਗੁਰੂ ਨਾਨਕ ਸਾਹਿਬ ਨੇ ਮੂਲ ਮੰਤਰ ਵਿਚ 'ਪੁਰਖੁ' ਸ਼ਬਦ ਦੀ ਵਰਤੋਂ ਕੀਤੀ ਹੈ ਤਾਂ ਉਸਦਾ ਅਰਥ ਪੁਲਿੰਗ ਨਹੀਂ ਬੈਠਦਾ ਕਿਉਂਕਿ, ਪੰਨਾ ੧੪੦੩ ਤੇ, 'ਆਪੇ ਨਰੁ ਆਪੇ ਫੁਨਿ ਨਾਰੀ..' ਦੇ ਬਚਨ ਅੰਕਤ ਹਨ। ਦਸਵੇਂ ਪਾਤਸ਼ਾਹ ਨੇ ਵੀ 'ਅਕਾਲ ਉਸਤਤਿ' ਵਿਚ, ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਦਿਆਂ, ਉਸ ਨੂੰ ਨਰ ਅਤੇ ਨਾਰਿ, ਦੋਨੋ ਕਹਿ ਕੇ ਸੰਬੋਧਨ ਕੀਤਾ ਹੈ - 'ਕਹੂੰ ਪਉਨਹਾਰੀ ਕਹੂੰ ਬਿਦਯਾ ਕੇ ਬਿਚਾਰੀ ਕਹੂੰ ਜੋਗਿ ਜਤੀ ਬ੍ਰਹਮਚਾਰੀ ਕਹੂੰ ਨਰ ਕਹੂੰ ਨਾਰਿ ਹੋ।।' 'ਨਰਹ' ਦਾ ਅਰਥ 'ਕਾਮਨਾ ਤੋਂ ਰਹਿਤ' ਵੀ ਮੰਨਿਆਂ ਜਾਂਦਾ ਹੈ। ਪਰ ਇਥੇ ਪਰਮਾਤਮਾ ਨੂੰ ਸਭ ਤੋਂ ਸ੍ਰੇਸ਼ਟ ਦਸਣ ਲਈ ਗੁਰੂ ਸਾਹਿਬ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ ਕਿ ਉਸ ਤੋਂ ਸ੍ਰੇਸ਼ਟ ਹੋਰ ਕੋਈ ਨਹੀਂ। ਜਾਂ ਇਉਂ ਕਹਿ ਲਈਏ, ਸਭ ਨਰਾਂ, ਭਾਵ, ਮਨੁਖਾਂ ਤੋਂ ਉਪਰ, ਉਨ੍ਹਾਂ ਦਾ ਕਰਤਾ, ਮਾਲਕ ਨਰ, ਹਸਤੀ ਰਖਣ ਵਾਲਾ। ਇਸ ਤਰ੍ਹਾਂ ਅਜਿਹੇ ਨਰ ਨੂੰ ਨਮਸਕਾਰ ਕੀਤੀ ਹੈ।

-- ਉਹ ਸ੍ਰੇਸ਼ਟ, ਹੋਂਦਮਈ ਨਰ ਜੋ ਸਾਰੀਆਂ ਧਰਤੀਆਂ, ਸਾਰੇ ਅਕਾਸ਼ਾਂ ਦੇ ਜਲਾਂ, ਥਲਾਂ, ਹਰ ਥਾਂ, ਉਹ ਕਰਤਾ ਰੂਪ ਪਰਮੇਸ਼ਰ ਮੌਜੂਦ ਹੈ, ਵਿਆਪਕ ਹੈ।੧।ਰਹਾਉ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ, ਅਕਾਲ ਉਸਤਤਿ ਵਿਚ, ਇਸੇ ਸ਼ਬਦ ਦੀ ਤਰ੍ਹਾਂ ਹੀ ਪਰਮਾਤਮਾ ਦੀ ਸਿਫ਼ਤ ਸਲਾਹ ਕੀਤੀ ਹੈ - 'ਜਲੇ ਹਰੀ।। ਥਲੇ ਹਰੀ।। ਉਰੇ ਹਰੀ।। ਬਨੇ ਹਰੀ।।..ਈਹਾਂ ਹਰੀ।। ਊਹਾਂ ਹਰੀ।। ਜਿਮੀ ਹਰੀ।। ਜਮਾ ਹਰੀ।।..'

## ਹਰਨ ਧਰਨ ਪੁਨ ਪੁਨਹ ਕਰਨ।। ਨਹ ਗਿਰਹ ਨਿਰੰਹਾਰੰ।।੧।।

-- ਉਹੀ, ਪ੍ਰਾਣਾਂ ਸਮੇਤ, ਸਭ ਕੁਝ ਹਰ ਲੈਣ ਵਾਲਾ ਹੈ, ਭਾਵ ਨਾਸ਼ਕ ਹੈ ਅਤੇ ਉਹੀ ਧਾਰਣ ਕਰਣ ਵਾਲਾ ਹੈ, ਭਾਵ ਜਨਮ ਦੇਣ ਵਾਲਾ ਹੈ। ਫ਼ਿਰ ਉਹੀ ਮੁੜ ਮੁੜ ਕੇ ਜਨਮ ਦੇਣ ਵਾਲਾ ਹੈ, ਧਾਰਣ ਕਰਤਾ, ਪਾਲਣ ਵਾਲਾ ਹੈ ਅਤੇ ਨਾਸ਼ ਕਰਣ ਵਾਲਾ ਹੈ। ਇਹ ਸਾਰੇ ਕੰਮ ਉਹ ਆਪ ਕਰਣ ਵਾਲਾ ਹੈ। ਉਹ ਹਰ ਥਾਂ ਮੌਜੂਦ ਹੈ, ਬਿਨਾਂ ਗ੍ਰਹਿ, ਘਰ ਤੋਂ ਹੈ, ਬਿਨਾਂ ਕਿਸੇ ਆਹਾਰ ਦੀ ਲੋੜ ਤੋਂ ਹੋਂਦ ਰਖਣ ਵਾਲਾ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ, ਆਸਾ ਕੀ ਵਾਰ ਦੀ ਪਹਿਲੀ ਪਉੜੀ ਵਿਚ ਵੀ ਇਹੀ ਸਚ ਦਸਦੇ ਹਨ ਕਿ ਆਸਣ ਜਮਾ ਕੇ ਆਪਣੇ ਕੌਤਕ ਵੇਖਦਾ ਹੈ। ਆਪੇ ਹੀ ਜਿੰਦ ਦਿੰਦਾ ਹੈ, ਆਪੇ ਲੈ ਵੀ ਲੈਂਦਾ ਹੈ। ਆਪ ਤੁਠ ਕੇ ਪਸਾਰਾ ਕਰਦਾ ਹੈ ਅਤੇ ਦਾਤਾਂ ਵੰਡਦਾ ਹੈ, ਸਭ ਕੁਝ ਜਾਣਦਾ ਵੀ ਹੈ - 'ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।। ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ।। ਕਰਿ ਆਸਣੁ ਡਿਠੋ ਚਾਉ।।'

## ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ।।

-- ਪਰਮਾਤਮਾ ਗਹਿਰ ਗੰਭੀਰਾ, ਭਾਵ, ਅਥਾਹ ਹੈ, ਧੀਰਜਵਾਨ ਹੈ, ਉਸ ਦਾ ਨਾਮ, ਹੀਰੇ ਵਾਂਙ ਅਮੁਲ ਹੈ ਜੋ ਸਭ ਤੋਂ ਵਡਾ ਅਤੇ ਸਭ ਤੋਂ ਉਚਾ, ਵਡਾ ਅਤੇ ਬੇਅੰਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਸਾ ਰਾਗ ਵਿਚ, ਪੰਨਾ ੯ ਤੇ ਫ਼ੁਰਮਾਣ ਕੀਤਾ ਹੈ ਕਿ ਉਹ ਮੇਰਾ ਮਾਲਕ ਵਡਾ ਹੈ, ਗਹਿਰ ਗੰਭੀਰਾ ਹੈ, ਉਸ ਦਾ ਅਤੇ ਉਸ ਦੇ

ਗੁਣਾਂ ਦਾ ਅੰਤ ਪਾਰਾਵਾਰ ਕੋਈ ਨਹੀਂ ਜਾਣ ਸਕਦਾ - 'ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।। ਕੋਇ ਨ ਜਾਣੈ ਤੇਰਾ ਕੇਤਾ ਕੇਵਡ ਚੀਰਾ।।' ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੨੨ ਤੇ, ਪ੍ਰਭੂ ਦੇ ਨਾਮ ਦੀ ਅਮੋਲਕਤਾ ਨੂੰ ਸਮਝਾਉਣ ਲਈ, ਇਸ ਦੀ ਤੁਲਨਾ ਮਾਣਕ, ਰਤਨ, ਲਾਲ, ਹੀਰਾ ਆਦਿ ਪਦਾਰਥਾਂ ਨਾਲ ਕੀਤੀ ਹੈ। ਇਸ ਦਾ ਵਾਸਾ ਮਨੁਖੀ ਮਨ ਵਿਚ ਹੈ। ਇਸ ਅਸਲ ਸਚੀ ਨਾਲ ਨਿਭਣ ਵਾਲੀ ਗਹਿਰ ਗੰਭੀਰ ਪੂੰਜੀ, ਜਪਿਆ ਹੋਇਆ ਨਾਮ ਹੈ ਜੋ ਹਰਿ ਮਨ ਵਿਚ ਮੌਜੂਦ ਹੈ। ਗੁਰੂ ਨੂੰ ਆਪਣਾ ਆਪਾ ਸਉਪ ਕੇ, ਗੁਰੂ ਅਨੁਸਾਰੀ ਹੋ ਕੇ ਉਸ ਦੀ ਦਇਆ ਸਦਕਾ ਇਹ ਨਾਮ ਦੀ ਪੂੰਜੀ ਪ੍ਰਾਪਤ ਹੁੰਦੀ ਹੈ - 'ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ।। ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰ।। ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ।।'

**ਕਰਨ ਕੇਲ ਗੁਣ ਅਮੋਲ ਨਾਨਕ ਬਲਿਹਾਰੰ।।੨।।੧।।੫੯।।**

-- ਉਹ ਬੇਅੰਤ ਕੌਤਕ ਕਰਣ ਵਾਲਾ ਹੈ, ਉਸ ਦੇ ਗੁਣਾਂ ਦਾ ਕੋਈ ਮੁਲ ਨਹੀਂ ਪਾ ਸਕਦਾ, ਅੰਦਾਜ਼ਾ ਨਹੀਂ ਲਗਾ ਸਕਦਾ। ਇਸ ਲਈ, ਪੰਜਵੇਂ ਨਾਨਕ ਅਜਿਹੇ ਪ੍ਰਭੂ ਤੋਂ ਬਲਿਹਾਰ ਜਾਂਦੇ ਹਨ।੨।੧।੫੯।

ਭਗਤ ਨਾਮਦੇਵ ਜੀ, ਪੰਨਾ ੪੮੫ ਤੇ ਫ਼ੁਰਮਾਣ ਕਰਦੇ ਹਨ ਕਿ ਜਿਥੇ ਜਾਈਏ, ਮੇਰਾ ਸੁਆਮੀ ਹਰੀ ਮੌਜੂਦ ਹੈ ਅਤੇ ਸਦਾ ਚੋਜ ਤਮਾਸ਼ੇ, ਕੌਤਕ ਕਰਦਾ ਰਹਿੰਦਾ ਹੈ ਅਤੇ ਵਡੇ ਅਨੰਦ ਵਿਚ ਰਹਿੰਦਾ ਹੈ - 'ਜਤ੍ਰ ਜਾਉ ਤਤ ਬੀਠਲ ਭੈਲਾ।। ਮਹਾ ਅਨੰਦ ਕਰੇ ਸਦ ਕੇਲਾ।।'

ਸ੍ਰੀ ਗੁਰੂ ਅਰਜਨ ਸਾਹਿਬ, ਪਾਰਬ੍ਰਹਮ ਨੂੰ ਸੁਖਾਂ ਦਾ ਸਾਗਰ ਕਹਿ ਕੇ ਉਸ ਤੋਂ ਬਲਿਹਾਰ ਜਾਂਦੇ ਹਨ - 'ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ।।', ਪੰਨਾ ੪੬. ਪ੍ਰਭੂ ਦਾ ਇਹ ਸਾਰਾ ਖੇਡ ਤਮਾਸ਼ਾ ਦਸ ਕੇ, ਉਸ ਤੋਂ ਕੁਰਬਾਨ ਜਾਂਦੇ ਹਨ - 'ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ।।', ਪੰਨਾ ੯੭.

ਇਸ ਸ਼ਬਦ ਵਿਚ ਅਕਾਲ ਪੁਰਖ ਦੀ ਮਹਿਮਾ ਗਾਈ ਹੈ, ਜੋ ਸਾਰੀ ਬਾਣੀ ਵਿਚ ਹੀ ਵਖ ਵਖ ਤਰੀਕਿਆਂ ਨਾਲ ਗਾਈ ਗਈ ਹੈ। ਦਸਵੇਂ ਪਾਤਸ਼ਾਹ ਨੇ ਵੀ 'ਅਕਾਲ ਉਸਤਤਿ' ਬਾਣੀ ਵਿਚ ਪ੍ਰਭੂ ਦੀ ਉਸਤਤਿ ਗਾਈ ਹੈ। ਇਹ ਸ਼ਬਦ

ਸਮੁਚੀ ਉਸਤਤਿ ਦਾ, ਇਕ ਤਰੀਕੇ ਨਾਲ ਸਾਰ ਰੂਪ ਹੈ। ਜਗ੍ਹਾ ਜਗ੍ਹਾ ਤੇ ਇਨ੍ਹਾਂ ਪੰਕਤੀਆਂ ਦੇ ਨਾਲ ਪ੍ਰਮਾਣ ਮਿਲ ਜਾਂਦੇ ਹਨ। ਇਸ ਲਈ ਜ਼ਿਆਦਾ ਪੰਕਤੀਆਂ ਦਰਜ ਨਹੀਂ ਕੀਤੀਆਂ। ਸਮੁਚੀ ਬਾਣੀ ਵਿਚ ਇਸੇ ਤਰ੍ਹਾਂ ਹੀ ਉਸਤਤਿ ਗਾਈ ਗਈ ਹੈ।



29.10.2020